⑥

# ਕੁੱਠਾ

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਮਾਸ ਖਾਣ ਜਾਂ ਨਾ ਖਾਣ ਬਾਰੇ ਸਿੱਖਾਂ ਵਿੱਚ ਅਕਸਰ ਬਹਿਸ ਹੁੰਦੀ ਰਹਿੰਦੀ ਹੈ। ਕੁੱਝ ਲੋਕ ਇਹ ਕਹਿੰਦੇ ਹਨ ਕਿ ਮਾਸ ਖਾਣਾ ਬੱਜਰ ਕੁਰਹਿਤ ਹੈ, ਜਦ ਕਿ ਵਿਰੋਧੀ ਪੱਖ ਕਹਿੰਦਾ ਹੈ ਕਿ ਕੇਵਲ ਕੁੱਠਾ ਖਾਣਾ ਹੀ ਬੱਜਰ ਕੁਰਹਿਤ ਹੈ। ਦੋਹਾਂ ਪੱਖਾਂ ਨਾਲ ਸੰਬੰਧਿਤ ਵਿਦਵਾਨਾਂ ਨੇ ਇਸ ਵਿਸ਼ੇ 'ਤੇ ਕਈ ਕਿਤਾਬਾਂ ਲਿੱਖੀਆਂ ਹਨ।

ਦੋਵੇਂ ਪੱਖ ਮਾਸ ਖਾਣ ਜਾਂ ਨਾ ਖਾਣ ਦੇ ਆਪਣੇ ਪੱਖ ਨੂੰ ਸਹੀ ਸਿੱਧ ਕਰਨ ਲਈ ਗੁਰਬਾਣੀ ਦੇ ਹਵਾਲੇ ਦਿੰਦੇ ਹਨ ਤੇ ਇਸ ਪ੍ਰਕਾਰ ਇਸ ਸੰਬੰਧ ਵਿੱਚ ਕਾਫ਼ੀ ਭੰਬਲਭੂਸਾ ਪਿਆ ਹੋਇਆ ਹੈ। 'ਸਿੱਖ ਰਹਿਤ ਮਰਯਾਦਾ' ਵਿੱਚ ਚਾਰ ਬੱਜਰ ਕੁ-ਰਹਿਤਾਂ ਦਾ ਜ਼ਿਕਰ ਹੈ। ਜੇ ਇਨ੍ਹਾਂ ਕੁ-ਰਹਿਤਾਂ ਬਾਰੇ ਅਧਿਐਨ ਕੀਤਾ ਜਾਏ, ਤਾਂ ਅਸੀਂ ਇਸ ਨਿਰਣੇ ਉੱਤੇ ਪੁੱਜਦੇ ਹਾਂ ਕਿ ਗੁਰਬਾਣੀ ਵਿੱਚ ਇਨ੍ਹਾਂ ਚਾਰ ਬੱਜਰ ਕੁ-ਰਹਿਤਾਂ ਦਾ ਕੋਈ ਜ਼ਿਕਰ ਨਹੀਂ ਮਿਲਦਾ, ਬਲਕਿ ਚਾਰ ਕਿਲਵਿਖਾਂ ਦਾ ਜ਼ਰੂਰ ਜ਼ਿਕਰ ਹੈ, "*ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ ॥*"[1] ਇਨ੍ਹਾਂ ਚਾਰ ਕਿਲਵਿਖਾਂ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਗਿਆ ਹੈ, "*ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥*"[2] ਇਸ ਅਨੁਸਾਰ ਬ੍ਰਾਹਮਣ ਦਾ ਕਤਲ, ਗਊ ਨੂੰ ਮਾਰਨਾ, ਕੰਨਿਆ ਮਾਰਨਾ ਤੇ ਭ੍ਰਿਸ਼ਟਾਚਾਰੀ ਦਾ ਅੰਨ ਖਾਣਾ, ਇਹ ਚਾਰ ਕਿਲਵਿਖ ਹਨ। ਸਪਸ਼ਟ ਰੂਪ ਵਿੱਚ ਇਹ ਚਾਰ ਕਿਲਵਿਖ 'ਸਿੱਖ ਰਹਿਤ ਮਰਯਾਦਾ' ਵਿੱਚ ਅੰਕਿਤ ਚਾਰ ਬੱਜਰ ਕੁ-ਰਹਿਤਾਂ ਤੋਂ ਬਿਲਕੁੱਲ ਵੱਖਰੇ ਹਨ।

ਕੁੱਠਾ ਉਸ ਜਾਨਵਰ ਦਾ ਮਾਸ ਹੈ, ਜੋ ਮੁਸਲਮਾਨੀ ਤਰੀਕੇ ਅਨੁਸਾਰ ਕੱਟਿਆ ਗਿਆ ਹੈ। ਰਹਿਤਨਾਮਿਆਂ ਨੇ ਕੁੱਠਾ ਖਾਣ ਦੀ ਮਨਾਹੀ ਕੀਤੀ ਹੈ। ਜਿਵੇਂ ਕਿ ਰਹਿਤਨਾਮਾ ਭਾਈ ਦੇਸਾ ਸਿੰਘ ਵਿੱਚ ਲਿੱਖਿਆ ਹੈ: -

"*ਕੁੱਠਾ ਹੁੱਕਾ ਚਰਸ ਤਮਾਕੂ। ਗਾਂਜਾ, ਟੋਪੀ, ਤਾੜੀ, ਖਾਕੂ।*
*ਇਨ ਕੀ ਓਰ ਨ ਕਬਹੂ ਦੇਖੈ। ਰਹਤਵੰਤ ਜੋ ਸਿੰਘ ਬਿਸੇਖੈ।*"

ਇਸ ਪ੍ਰਕਾਰ ਹੀ, 'ਰਹਿਤਨਾਮਾ ਭਾਈ ਚਉਪਾ ਸਿੰਘ' ਵੀ ਕੁੱਠਾ ਖਾਣ ਦੀ ਹੀ ਮਨਾਹੀ ਕਰਦਾ ਹੈ: -

"*ਜੋ ਕੁੱਠਾ ਖਾਏ, ਸੋ ਨੀਚ ਤਨਖਾਹੀਆ।*"

---

[1] ਸਿਰੀਰਾਗੁ ਮਹਲਾ ੫, ਪੰਨਾ ੭੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[2] ਸਲੋਕ ਮਹਲਾ ੩, ਪੰਨਾ ੧੪੧੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਦੂਜੇ ਪਾਸੇ, 'ਰਹਿਤਨਾਮਾ ਭਾਈ ਦੇਸਾ ਸਿੰਘ' ਝੱਟਕਾ ਮਾਸ ਖਾਣ ਦੀ ਮਨਾਹੀ ਨਹੀਂ ਕਰਦਾ: -

"*ਬਕਰਾ ਝਟਕਾ ਛਕੇ ਤਾਂ ਛਕੇ । ਔਰ ਮਾਸ ਵਲ ਕਬੀ ਨ ਤਕੈ ।*"

ਹਾਂ, ਇੰਨੀ ਗੱਲ ਜ਼ਰੂਰ ਹੈ ਕਿ ਗੁਰੂ ਕੇ ਲੰਗਰ ਵਿੱਚ ਮਾਸ ਤਿਆਰ ਕਰਨ ਦੀ ਮਨਾਹੀ ਹੈ । ਅਜਿਹਾ ਇਸ ਲਈ ਹੈ, ਕਿਉਂਕਿ ਗੁਰੂ ਕੇ ਲੰਗਰ ਵਿੱਚ ਮਾਸ ਨਾ ਖਾਣ ਵਾਲੇ ਵੀ ਲੰਗਰ ਛੱਕਦੇ ਹਨ । ਲੰਗਰ ਵਿੱਚ ਵਰਤਾਇਆ ਜਾ ਰਿਹਾ ਮਾਸ ਉਨ੍ਹਾਂ ਲਈ ਅਰੁਚੀ ਦਾ ਕਾਰਣ ਬਣ ਸਕਦਾ ਹੈ: -

"*ਦੇਗ ਅਸਨ ਕੇ ਹੈਂ ਸਭ ਭਾਗੀ । ਬ੍ਰਾਹਮਨ ਖਤ੍ਰੀ ਸਭ ਅਨੁਰਾਗੀ ।*
*ਤਾਂ ਤੇ ਯੇ ਸਿਛਾ ਸੁਨ ਲੀਜੈ । ਦੇਗ ਮਾਹਿ ਨਹਿ ਮਾਸ ਅਨੀਜੈ ।*" (ਰਹਿਤਨਾਮਾ ਭਾਈ ਦੇਸਾ ਸਿੰਘ) ।

ਅਜਿਹਾ ਵੀ ਨਹੀਂ ਕਿ ਸਿੱਖ ਕੇਵਲ ਜੀਭ ਦੇ ਸੁਆਦ ਦਾ ਹੀ ਗ਼ੁਲਾਮ ਹੋ ਕੇ ਰਹਿ ਜਾਏ, "*ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥*"[3] 'ਰਹਿਤਨਾਮਾ ਭਾਈ ਦੇਸਾ ਸਿੰਘ' ਇਸ ਪ੍ਰਕਾਰ ਆਖਦਾ ਹੈ: -

"*ਰਹਿਤਵਾਨ ਸਿੰਘ ਹੈਂ ਜੋਈ । ਲੋਭਿ ਛੋਡਿ ਜਾਨਹੁ ਨਹਿ ਹੋਈ ।*
*ਗੁਰੂ ਕਾ ਰੂਪ ਸਭਨ ਮੈਂ ਦੇਖੈ । ਮਦਰਾ ਮਾਸ ਨ ਖਾਇ ਬਿਸੇਖੈ ।*"

ਜਦੋਂ ਕੁੱਝ ਲੋਕ ਮਾਸ ਖਾਣ ਦਾ ਸਮਰਥਨ ਕਰਦੇ ਹਨ, ਤਾਂ ਕਈ ਵਾਰ ਉਹ ਮਾਸ ਨਾ ਖਾਣ ਵਾਲੇ ਸਿੱਖਾਂ ਦਾ ਮਜ਼ਾਕ ਉਡਾਉਣ ਦੀ ਹੱਦ ਤੱਕ ਚਲੇ ਜਾਂਦੇ ਹਨ । ਅਜਿਹਾ ਕਰਨਾ ਬਿਲਕੁੱਲ ਗ਼ਲਤ ਹੈ । ਕੋਈ ਵੀ ਰਹਿਤਨਾਮਾ ਇਹ ਨਹੀਂ ਕਹਿੰਦਾ ਕਿ ਸਿੱਖ ਲਈ ਮਾਸ ਖਾਣਾ ਜ਼ਰੂਰੀ ਹੈ । ਬਲਕਿ 'ਰਹਿਤਨਾਮਾ ਭਾਈ ਦੇਸਾ ਸਿੰਘ' ਤਾਂ ਸਗੋਂ ਇਹ ਆਖਦਾ ਹੈ: -

"*ਉੱਤਮ ਕੁੱਲ ਜਿਨ ਜਨਮਹਿ ਪਾਯੋ । ਮਦਰਾ ਮਾਸ ਨ ਕਬਹੂੰ ਖਾਯੋ ।*
*ਤਿਨਹੀ ਤੇ ਸੁਚਿ ਦੇਗ ਕਰਾਵੈ । ਅਵਰਿ ਨ ਕੋਊ ਵੜਨੇ ਪਾਵੈ ।*"

---

[3] ਸਿਰੀਰਾਗੁ ਮਹਲਾ ੧, ਪੰਨਾ ੧੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਇਸ ਪ੍ਰਕਾਰ, ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ 'ਰਹਿਤਨਾਮਾ ਭਾਈ ਚਉਪਾ ਸਿੰਘ' ਦੀ ਇਹ ਪੰਕਤੀ "*ਜੋ ਕੁੱਠਾ ਖਾਏ, ਸੋ ਨੀਚ ਤਨਖਾਹੀਆ*", ਹੋਰ ਰਹਿਤਨਾਮਿਆਂ ਤੇ 'ਸਿੱਖ ਰਹਿਤ ਮਰਯਾਦਾ' ਦੇ ਖ਼ਿਲਾਫ਼ ਨਹੀਂ ਹੈ ।